ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ,
ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ,
ਫੇਜ਼-8,ਐਸ.ਏ.ਐਸ.ਨਗਰ।

## ਨਿਯੁਕਤੀ ਪੱਤਰਾਂ ਨਾਲ ਸਬੰਧਤ ਪਬਲਿਕ ਨੋਟਿਸ

ਸਿਖਿਆ ਵਿਭਾਗ, ਪੰਜਾਬ ਵਲੋਂ ਜਾਰੀ ਕੀਤੇ ਗਏ ਪਬਲਿਕ ਨੋਟਿਸ ਮਿਤੀ 12-1-2018 ਅਤੇ 22-1-2018, ਜੋ ਕਿ ਵਿਭਾਗ ਦੀਆਂ ਵੈਬਸਾਈਟਸ www.ssapunjab.org ਅਤੇ www.educationrecruitmentboard.com ) ਤੇ 6060 ਦੀ ਭਰਤੀ ਦੇ ਵੱਖ-ਵੱਖ ਵਿਸ਼ਿਆਂ ਅਤੇ ਖੇਤੀਬਾੜੀ ਤੇ ਸੰਸਕ੍ਰਿਤ ਦੇ ਵਿਸ਼ੇ ਦੀ ਪ੍ਰੋਵੀਜ਼ਨਲ ਸੂਚੀਆਂ ਸਮੇਤ ਅਪਲੋਡ ਕੀਤੇ ਗਏ ਸਨ, ਦੀ ਲਗਾਤਾਰਤਾ ਵਿਚ , ਸਪਸ਼ਟ ਕੀਤਾ ਜਾਂਦਾ ਹੈ ਕਿ ਮਿਤੀ 16-1-2018 ਤੋਂ ਮਿਤੀ 19-1-2018 ਤੱਕ ਅਤੇ ਮਿਤੀ 24-1-2018 ਨੂੰ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਟੇਸ਼ਨ ਚੋਣ ਲਈ ਬੁਲਾਇਆ ਗਿਆ ਸੀ।

ਜੋ ਉਮੀਦਵਾਰ ਹਾਜ਼ਰ ਹੋਏ ਸਨ, ਨੂੰ ਮੈਡੀਕਲ ਕਰਵਾਉਣ ਉਪਰੰਤ ਅੰਗਰੇਜ਼ੀ, ਹਿੰਦੀ ਦੇ ਉਮੀਦਵਾਰਾਂ ਨੂੰ ਮਿਤੀ 29-1-18 , ਪੰਜਾਬੀ ਵਿਸ਼ੇ ਦੇ ਉਮੀਦਵਾਰਾਂ ਨੂੰ 30-1-2018, ਹਿਸਾਬ ਵਿਸ਼ੇ ਦੇ ਉਮੀਦਵਾਰਾਂ ਨੂੰ 1-2-18 , ਸਮਾਜਿਕ ਸਿਖਿਆ ਵਿਸ਼ੇ ਦੇ ਉਮੀਦਵਾਰਾਂ ਨੂੰ 2-2-2018 ਨੂੰ , ਖੇਤੀਬਾੜੀ ਅਤੇ ਸੰਸਕ੍ਰਿਤ ਵਿਸ਼ੇ ਦੇ ਉਮੀਦਵਾਰਾਂ ਨੂੰ ਮਿਤੀ 8-2-2018 ਨੂੰ ਮੈਡੀਕਲ ਕਰਵਾਉਣ ਉਪਰੰਤ , ਡਾਇਰੈਕਟੋਰੇਟ ਵਿਖੇ ਨਿਯੁਕਤੀ ਪੱਤਰ ਲੈਣ ਲਈ ਬੁਲਾਇਆ ਗਿਆ ਸੀ।

ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤਕਨੀਕੀ ਕਾਰਨਾਂ ਕਰਕੇ, ਨਿਯੁਕਤੀ ਪੱਤਰ ਉਪਰੋਕਤ ਦਰਸਾਈਆਂ ਮਿਤੀਆਂ ਨੂੰ ਦੇਣੇ ਸੰਭਵ ਨਹੀਂ ਹਨ, ਇਸ ਲਈ ਅਗਲੇ ਫੈਸਲੇ ਬਾਰੇ , ਵਿਭਾਗ ਦੀਆਂ ਸਬੰਧਤ ਵੈਬਸਾਈਟਸ ਰਾਂਹੀ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਵੇਗਾ।

( ਧਰਮ ਸਿੰਘ )
ਡਿਪਟੀ ਡਾਇਰੈਕਟਰ (ਸ:ਪ੍ਰ:)

ਨੰ: 15/641-2017 ਅਮਲਾ-2(5)
ਮਿਤੀ, ਐਸ.ਏ.ਐਸ.ਨਗਰ: 25-1-2018